ਤੱਥ ਪੱਤਰ

# ਆਸਥਾਈ ਵੀਜ਼ਾ ਪ੍ਰੋਗਰਾਮ ਰਾਹੀਂ ਸਹਾਇਤਾ



## ਅਸਥਾਈ ਵੀਜ਼ਾ ਪ੍ਰੋਗਰਾਮ ਕੀ ਹੈ?

ਅਸਥਾਈ ਵੀਜ਼ਾ ਪ੍ਰੋਗਰਾਮ (ਟੀ ਵੀ ਪੀ ) ਉਨ੍ਹਾਂ ਔਰਤਾਂ ਦਾ ਸਮਰਥਨ ਕਰਦਾ ਹੈ ਜੋ ਆਸਟ੍ਰੇਲੀਆ ਵਿੱਚ ਅਸਥਾਈ ਵੀਜ਼ੇ 'ਤੇ ਰਹਿ ਰਹੀਆਂ ਹਨ ਅਤੇ ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੀਆਂ ਹਨ।
ਔਰਤਾਂ ਦੀ ਕਾਨੂੰਨੀ ਸੇਵਾ ਕਵੀਂਸਲੈਂਡ ਟੀ ਵੀ ਪੀ (TVP ) ਰਾਹੀਂ ਕਾਨੂੰਨੀ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰ ਸਕਦੀ ਹੈ। ਉਦਾਹਰਣ ਵਜੋਂ, ਅਸੀਂ ਪਰਿਵਾਰਕ ਕਾਨੂੰਨ, ਘਰੇਲੂ ਹਿੰਸਾ ਅਤੇ ਪ੍ਰਵਾਸ ਕਾਨੂੰਨ ਦੇ ਮੁੱਦਿਆਂ ਵਿੱਚ ਤੁਹਾਡੀ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਾਂ।

## ਘਰੇਲੂ ਹਿੰਸਾ ਕੀ ਹੈ?

ਘਰੇਲੂ ਹਿੰਸਾ ਉਦੋਂ ਹੁੰਦੀ ਹੈ ਜਦੋਂ ਤੁਹਾਡਾ ਕੋਈ ਨਜ਼ਦੀਕੀ ਤੁਹਾਨੂੰ ਦੁੱਖ ਪਹੁੰਚਾਉਂਦਾ ਹੈ ਜਾਂ ਤੁਹਾਨੂੰ ਦੁੱਖ ਪਹੁੰਚਾਉਣ ਦੀ ਧਮਕੀ ਦਿੰਦਾ ਹੈ। ਇਹ ਵਿਅਕਤੀ ਹੇਠਾਂ ਵਿੱਚੋ ਕੋਈ ਹੋ ਸਕਦਾ ਹੈ:

- ਤੁਹਾਡਾ ਸਾਥੀ ਜਾਂ ਸਾਬਕਾ ਸਾਥੀ
- ਪਰਿਵਾਰਕ ਮੈਂਬਰ
- ਕੋਈ ਬਿਨਾਂ ਤਨਖਾਹ ਦੇ ਦੇਖਭਾਲ ਕਰਨ ਵਾਲਾ, ਜੋ ਇੱਕ ਪਰਿਵਾਰਕ ਮੈਂਬਰ ਜਾਂ ਦੋਸਤ ਵੀ ਹੋ ਸਕਦਾ ਹੈ।

ਆਸਟ੍ਰੇਲੀਆਈ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਘਰੇਲੂ ਹਿੰਸਾ ਦੀਆਂ ਵੱਖੋ-ਵੱਖਰੀਆਂ ਕਾਨੂੰਨੀ ਪਰਿਭਾਸ਼ਾਵਾਂ ਹਨ। *ਮਾਈਗ੍ਰੇਸ਼ਨ ਨਿਯਮਾਂ* ਅਧੀਨ, ਘਰੇਲੂ ਹਿੰਸਾ ਵਿੱਚ ਇਹ ਸਥਿਤੀਆਂ ਸ਼ਾਮਲ ਹਨ ਜਦੋਂ ਤੁਹਾਡਾ ਕੋਈ ਨਜ਼ਦੀਕੀ ਵਿਅਕਤੀ:

- ਤੁਹਾਨੂੰ, ਤੁਹਾਡੇ ਪਰਿਵਾਰ ਨੂੰ, ਜਾਂ ਤੁਹਾਡੇ ਜੀਵਨ ਸਾਥੀ ਜਾਂ ਸਾਬਕਾ ਜੀਵਨ ਸਾਥੀ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਧਮਕੀ ਦਿੰਦਾ ਹੈ
- ਤੁਹਾਡੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੰਦਾ ਹੈ
- ਤੁਹਾਨੂੰ ਚਿੰਤਿਤ ਜਾਂ ਅਸੁਰੱਖਿਅਤ ਮਹਿਸੂਸ ਕਰਾਉਂਦਾ ਹੈ

*ਮਾਈਗ੍ਰੇਸ਼ਨ ਨਿਯਮ* ਸਾਰੇ ਆਸਟ੍ਰੇਲੀਆ ਵਿੱਚ ਲਾਗੂ ਹੁੰਦੇ ਹਨ।

ਤੁਸੀਂ ਹੋਰ ਜਾਣਕਾਰੀ ਸਾਡੇ **ਘਰੇਲੂ ਹਿੰਸਾ ਬਾਰੇ ਤੱਥ ਪੱਤਰ** ਵਿੱਚ ਲੱਭ ਸਕਦੇ ਹੋ।

# ਘਰੇਲੂ ਹਿੰਸਾ ਕਾਰਨ ਆਪਣੇ ਸਪਾਂਸਰ ਤੋਂ ਵੱਖ ਹੋਣਾ

ਜੇਕਰ ਤੁਸੀਂ ਘਰੇਲੂ ਹਿੰਸਾ ਕਾਰਨ ਆਪਣੇ ਸਪਾਂਸਰ ਤੋਂ ਵੱਖ ਹੋ ਗਏ ਹੋ, ਤਾਂ ਤੁਸੀਂ ਸਥਾਈ ਨਿਵਾਸ ਲਈ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ। ਇਸਦਾ ਮਤਲਬ ਹੈ ਕਿ ਜੇਕਰ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ ਤਾਂ ਤੁਸੀਂ ਆਸਟ੍ਰੇਲੀਆ ਵਿੱਚ ਸਥਾਈ ਤੌਰ 'ਤੇ ਰਹਿ ਸਕਦੇ ਹੋ।
ਤੁਸੀਂ ਮਾਈਗ੍ਰੇਸ਼ਨ ਨਿਯਮਾਂ ਦੇ ਅਧੀਨ ਪਰਿਵਾਰਕ ਹਿੰਸਾ ਦੇ ਨਿਯਮਾਂ ਅਨੁਸਾਰ ਅਰਜ਼ੀ ਦੇ ਸਕਦੇ ਹੋ। ਇਹ ਨਿਯਮ ਲਾਗੂ ਹੁੰਦੇ ਹਨ ਭਾਵੇਂ ਤੁਸੀਂ ਆਸਟ੍ਰੇਲੀਆ ਵਿੱਚ ਕੀਤੇ ਵੀ ਰਹਿੰਦੇ ਹੋ।
ਤੁਸੀਂ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ ਜੇਕਰ ਤੁਸੀਂ:

- ਵੱਖ ਹੋਣ ਤੱਕ ਇੱਕ ਸੱਚੇ ਅਤੇ 'ਨਿਰੰਤਰ' ਰਿਸ਼ਤੇ ਵਿੱਚ ਸੀ
- ਇੱਕ ਅਸਥਾਈ ਸਾਥੀ ਵੀਜ਼ਾ 'ਤੇ ਹੋ ਜਾਂ ਤੁਸੀਂ ਪਾਰਟਨਰ ਵੀਜ਼ੇ ਲਈ ਅਰਜ਼ੀ ਦਿੱਤੀ ਹੋਈ ਹੈ।

ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਕਿਉਂਕਿ ਇਹ ਤੁਹਾਡੀ ਵੀਜ਼ਾ ਸਥਿਤੀ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਕੁਝ ਸਮਾਂ-ਸੀਮਾਵਾਂ ਹਨ ਜਿਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਲਾਜ਼ਮੀ ਹੈ।

### ਡੀ ਵੀ ਓ (DVO)  ਲਈ ਅਰਜ਼ੀ ਦੇਣਾ

ਤੁਸੀਂ ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਘਰੇਲੂ ਹਿੰਸਾ ਦੇ ਆਦੇਸ਼ (DVO) ਲਈ ਵੀ ਅਰਜ਼ੀ ਦੇ ਸਕਦੇ ਹੋ। DVO ਇੱਕ ਕਾਨੂੰਨੀ ਹੁਕਮ ਹੁੰਦਾ ਹੈ ਜੋ ਮੈਜਿਸਟ੍ਰੇਟਸ ਕੋਰਟ ਜਾਰੀ ਕਰ ਸਕਦੀ ਹੈ। ਇਹ ਉਸ ਵਿਅਕਤੀ ਨੂੰ ਦੱਸਦਾ ਹੈ ਜਿਸ ਤੋਂ ਤੁਸੀਂ ਸੁਰੱਖਿਆ ਚਾਹੁੰਦੇ ਹੋ ਕਿ ਉਸਨੂੰ ਕੁਝ ਖਾਸ ਚੀਜ਼ਾਂ ਕਰਨ ਜਾਂ ਕੁਝ ਤਰੀਕਿਆਂ ਨਾਲ ਵਿਵਹਾਰ ਕਰਨ ਦੀ ਇਜਾਜ਼ਤ ਨਹੀਂ ਹੈ।
DVO ਲਈ ਅਰਜ਼ੀ ਦੇਣ ਨਾਲ ਤੁਹਾਡੀ ਵੀਜ਼ਾ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ।  DVO ਲਈ ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

# ਜੇ ਤੁਹਾਡੇ ਆਪਣੇ ਸਾਬਕਾ ਸਪਾਂਸਰ ਨਾਲ ਬੱਚੇ ਹਨ

ਜੇ ਤੁਸੀਂ ਪਾਰਟਨਰ ਵੀਜ਼ਾ ਦੀ ਅਰਜ਼ੀ ਦਿੱਤੀ ਹੋਈ ਹੈ ਅਤੇ ਤੁਹਾਡੇ ਆਪਣੇ ਸਾਬਕਾ ਸਪਾਂਸਰ ਨਾਲ ਬੱਚੇ ਹਨ, ਤਾਂ ਤੁਸੀਂ ਸਥਾਈ ਪਾਰਟਨਰ ਵੀਜ਼ਾ ਲਈ ਅਰਜ਼ੀ ਦੇ ਸਕਦੇ ਹੋ।
ਤੁਸੀਂ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ ਜੇਕਰ:

- ਤੁਹਾਡਾ ਸਾਬਕਾ ਸਪਾਂਸਰ ਇੱਕ ਆਸਟਰੇਲੀਆਈ ਨਾਗਰਿਕ ਹੈ
- ਤੁਸੀਂ ਘਰੇਲੂ ਜਾਂ ਪਰਿਵਾਰਕ ਹਿੰਸਾ ਕਾਰਨ ਵੱਖ ਹੋ ਗਏ ਹੋ
- ਤੁਸੀਂ ਪਾਰਟਨਰ ਵੀਜ਼ਾ ਲਈ ਅਰਜ਼ੀ ਦਿੱਤੀ ਹੈ
- ਤੁਸੀਂ ਇੱਕ ਅਸਥਾਈ ਪਾਰਟਨਰ ਵੀਜ਼ਾ 'ਤੇ ਹੋ
- ਤੁਹਾਡੇ ਬੱਚਿਆਂ ਦੀ ਦੇਖਭਾਲ ਲਈ ਤੁਹਾਡੇ ਸਾਬਕਾ ਸਪਾਂਸਰ ਨਾਲ ਸਾਂਝਾ ਪਾਲਣ-ਪੋਸ਼ਣ ਪਰਬੰਧ ਹੈ।

ਤੁਹਾਨੂੰ ਜਿੰਨੀ ਜਲਦੀ ਹੋ ਸਕੇ, ਆਪਣੇ ਵਿਕਲਪਾਂ ਬਾਰੇ ਗੱਲ ਕਰਨ ਲਈ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

**ਪਾਲਣ-ਪੋਸ਼ਣ (ਪੇਰੈਂਟਿੰਗ) ਇੰਤਜ਼ਾਮ ਕੀ ਹੈ?**

ਪਾਲਣ-ਪੋਸ਼ਣ ਇੰਤਜ਼ਾਮ ਇੱਕ ਯੋਜਨਾ ਹੈ ਜੋ ਦੱਸਦੀ ਹੈ ਕਿ ਤੁਸੀਂ ਅਤੇ ਤੁਹਾਡਾ ਸਾਬਕਾ ਸਪਾਂਸਰ ਤੁਹਾਡੇ ਵੱਖ ਹੋਣ ਤੋਂ ਬਾਅਦ ਤੁਹਾਡੇ ਬੱਚਿਆਂ ਦੀ ਦੇਖਭਾਲ ਕਿਵੇਂ ਕਰਨਗੇ।
**ਤੁਹਾਡੇ ਵੱਖ ਹੋਣ ਤੋਂ ਬਾਅਦ ਪਾਲਣ-ਪੋਸ਼ਣ ਇੰਤਜ਼ਾਮਾਂ ਬਾਰੇ ਸਾਡੇ ਤੱਥ ਪੱਤਰ** ਵਿੱਚ ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# ਜੇ ਤੁਸੀਂ ਅਰਜ਼ੀ ਦੇਣ ਲਈ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ

ਜੇ ਤੁਹਾਡੇ ਨਾਲ ਘਰੇਲੂ ਹਿੰਸਾ ਹੋਈ ਹੈ ਪਰ ਤੁਸੀਂ ਪਰਿਵਾਰਕ ਹਿੰਸਾ ਦੇ ਨਿਯਮਾਂ ਅਧੀਨ ਸਥਾਈ ਰਿਹਾਇਸ਼ ਲਈ ਅਰਜ਼ੀ ਦੇਣ ਦੇ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ, ਤਾਂ ਅਸੀਂ ਤੁਹਾਨੂੰ ਸਲਾਹ ਦੇ ਸਕਦੇ ਹਾਂ।
ਅਸੀਂ ਤੁਹਾਨੂੰ ਹੋਰ ਵਿਕਲਪਾਂ ਬਾਰੇ ਸਲਾਹ ਦੇ ਸਕਦੇ ਹਾਂ, ਜਿਸ ਵਿੱਚ ਅਰਜ਼ੀ ਦੇਣਾ ਸ਼ਾਮਲ ਹੈ:

- ਮਾਪਿਆਂ ਦੇ ਵੀਜ਼ੇ ਜਾਂ ਸੁਰੱਖਿਆ (ਪਰੋਟੈਕਸ਼ਨ) ਵੀਜ਼ੇ ਲਈ
- ਇਮੀਗਰੇਸ਼ਨ ਮੰਤਰੀ ਦੀ ਹਸਤਕਸ਼ੇਪ ਲਈ।

ਅਸੀਂ ਤੁਹਾਨੂੰ ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਸੇਵਾ (Refugee and Immigration Legal Service: RAILS) ਤੋਂ ਮਾਹਰ ਸਲਾਹ ਅਤੇ ਸਹਾਇਤਾ ਪ੍ਰਾਪਤ ਕਰਨ ਲਈ ਇੱਕ ਰੈਫਰਲ ਦੇਣ ਦੇ ਯੋਗ ਹੋ ਸਕਦੇ ਹਾਂ। ਉਦਾਹਰਣ ਲਈ, ਜੇ ਤੁਹਾਨੂੰ ਸਿਰਫ਼ ਇਮੀਗ੍ਰੇਸ਼ਨ ਮਾਮਲਿਆਂ ਲਈ ਕਾਨੂੰਨੀ ਸਹਾਇਤਾ ਦੀ ਲੋੜ ਹੈ। RAILS ਸ਼ਰਨਾਰਥੀਆਂ, ਸ਼ਰਣ ਮੰਗਣ ਵਾਲਿਆਂ ਅਤੇ ਪ੍ਰਵਾਸੀਆਂ ਲਈ ਮੁਫ਼ਤ ਇਮੀਗ੍ਰੇਸ਼ਨ ਕਾਨੂੰਨੀ ਸਹਾਇਤਾ ਪ੍ਰਦਾਨ ਕਰਦਾ ਹੈ। ਉਹ ਤੁਹਾਨੂੰ ਕੰਮ ਰਾਹੀਂ ਵੀਜ਼ਾ ਪ੍ਰਾਪਤ ਕਰਨ ਲਈ ਸਲਾਹ ਲਈ ਵੀ ਰੈਫਰ ਕਰਨ ਦੇ ਯੋਗ ਹੋ ਸਕਦੇ ਹਨ।

ਸਾਡੀਆਂ ਹੋਰ ਟੀਮਾਂ ਵੀ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ ਜੇਕਰ ਤੁਹਾਨੂੰ ਸਿਰਫ਼ ਇਹਨਾਂ ਮਾਮਲਿਆਂ ਵਿੱਚ ਕਾਨੂੰਨੀ ਸਹਾਇਤਾ ਦੀ ਲੋੜ ਹੈ:

- ਪਰਿਵਾਰਕ ਕਾਨੂੰਨ
- ਘਰੇਲੂ ਹਿੰਸਾ ਕਾਨੂੰਨ।

ਤੁਹਾਨੂੰ ਜਿੰਨੀ ਜਲਦੀ ਹੋ ਸਕੇ, ਆਪਣੇ ਵਿਕਲਪਾਂ ਬਾਰੇ ਗੱਲ ਕਰਨ ਲਈ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

# ਕੇਸ ਅਧਿਐਨ: ਲਿੰਡਾ ਨੇ ਟੀ ਵੀ ਪੀ (TPV) ਰਾਹੀਂ ਕਿਵੇਂ ਸਹਾਇਤਾ ਪ੍ਰਾਪਤ ਕੀਤੀ

ਨੋਟ: ਇਸ ਕੇਸ ਅਧਿਐਨ ਵਿੱਚ ਸ਼ਾਮਲ ਵਿਅਕਤੀਆਂ ਦੀ ਨਿੱਜੀ ਜਾਣਕਾਰੀ ਦੀ ਗੋਪਨੀਯਤਾ ਅਤੇ ਰਾਖੀ ਲਈ ਅਸੀਂ ਉਨ੍ਹਾਂ ਦੇ ਨਿੱਜੀ ਵੇਰਵੇ ਬਦਲ ਦਿੱਤੇ ਹਨ।

ਲਿੰਡਾ ਇੱਕ ਅਸਥਾਈ ਵਿਦਿਆਰਥੀ ਵੀਜ਼ੇ 'ਤੇ ਆਸਟ੍ਰੇਲੀਆ ਆਈ ਸੀ।

ਆਸਟ੍ਰੇਲੀਆ ਵਿੱਚ ਰਹਿੰਦੇ ਹੋਏ, ਲਿੰਡਾ ਨੇ ਸਟੀਵ ਨੂੰ ਡੇਟ ਕਰਨਾ ਸ਼ੁਰੂ ਕਰ ਦਿੱਤਾ ਜੋ ਕਿ ਇੱਕ ਆਸਟ੍ਰੇਲੀਆਈ ਨਾਗਰਿਕ ਹੈ। ਸਟੀਵ ਨੇ ਲਿੰਡਾ ਨੂੰ ਪਾਰਟਨਰ ਵੀਜ਼ਾ ਲਈ ਸਪਾਂਸਰ ਕੀਤਾ।

ਕੁਝ ਸਾਲਾਂ ਬਾਅਦ ਲਿੰਡਾ ਅਤੇ ਸਟੀਵ ਦਾ ਇਕੱਠੇ ਇੱਕ ਬੱਚਾ ਹੋਇਆ।

ਆਪਣੇ ਬੱਚੇ ਦੇ ਜਨਮ ਤੋਂ ਕੁਝ ਸਾਲਾਂ ਬਾਅਦ, ਲਿੰਡਾ ਸਟੀਵ ਤੋਂ ਅਲੱਗ ਹੋਣਾ ਚਾਹੁੰਦੀ ਸੀ ਕਿਉਂਕਿ ਉਸ ਨੂੰ ਆਪਣੀ ਅਤੇ ਆਪਣੇ ਬੱਚੇ ਦੀ ਸੁਰੱਖਿਆ ਲਈ ਡਰ ਸੀ।

## ਲਿੰਡਾ ਦੁਆਰਾ ਝੱਲੀ ਗਈ ਘਰੇਲੂ ਅਤੇ ਪਰਿਵਾਰਕ ਹਿੰਸਾ

ਸਟੀਵ ਨੇ ਲਿੰਡਾ ਨੂੰ ਦੋਸਤ ਬਣਾਉਣ, ਵਿਦੇਸ਼ ਵਿੱਚ ਰਹਿੰਦੇ ਆਪਣੇ ਪਰਿਵਾਰ ਨਾਲ ਗੱਲ ਕਰਨ ਜਾਂ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ।
ਉਸ ਨੇ ਪਰਿਵਾਰ ਦੇ ਸਾਰੇ ਪੈਸੇ 'ਤੇ ਵੀ ਕਾਬੂ ਰੱਖਿਆ।

ਉਸ ਨੇ ਇਹ ਧਮਕੀਆਂ ਵੀ ਦਿੱਤੀਆਂ:

- ਕਈ ਵਾਰ ਉਸ ਨੂੰ ਸ਼ਾਰੀਰੀਕ ਨੁਕਸਾਨ ਪਹੁੰਚਾਉਣ ਦੀ
- ਦਿਨ ਦੇ ਸਮੇਂ, ਜਦੋਂ ਉਹ ਕੰਮ 'ਤੇ ਜਾਂਦਾ ਸੀ, ਉਸ ਨੂੰ ਘਰ ਵਿੱਚ ਤਾਲਾ ਲਗਾ ਕੇ ਬੰਦ ਕਰ ਦੇਣ ਦੀ

## ਜਦੋਂ ਲਿੰਡਾ ਨੇ ਅਲੱਗ ਹੋਣ ਦੀ ਗੱਲ ਕੀਤੀ

ਜਦੋਂ ਲਿੰਡਾ ਨੇ ਸਟੀਵ ਨੂੰ ਦੱਸਿਆ ਕਿ ਉਹ ਵੱਖ ਹੋਣਾ ਚਾਹੁੰਦੀ ਹੈ, ਤਾਂ ਉਸਨੇ ਉਸਦਾ ਪਾਸਪੋਰਟ ਲੈ ਲਿਆ ਅਤੇ ਉਸਨੂੰ ਦੇਸ਼ ਨਿਕਾਲਾ (ਡਿਪੋਰਟ ਕਰਵਾ) ਦੇਣ ਅਤੇ ਉਨ੍ਹਾਂ ਦੇ ਬੱਚੇ ਨੂੰ ਉਸ ਤੋਂ ਦੂਰ ਕਰਨ ਦੀ ਧਮਕੀ ਦਿੱਤੀ।

ਗੁਆਂਢੀਆਂ ਨੇ ਇਹ ਝਗੜਾ ਸੁਣ ਲਿਆ ਅਤੇ ਪੁਲਿਸ ਨੂੰ ਕਾਲ ਕਰ ਦਿੱਤੀ। ਪੁਲਿਸ ਨੇ ਲਿੰਡਾ ਦਾ ਸੰਪਰਕ ਇੱਕ ਸਥਾਨਕ ਘਰੇਲੂ ਹਿੰਸਾ ਸੇਵਾ ਨਾਲ ਕਰਵਾਇਆ। ਉਨ੍ਹਾਂ ਨੇ ਲਿੰਡਾ ਲਈ ਇੱਕ ਦੁਭਾਸੀਏ ਦੀ ਵਿਵਸਥਾ ਕੀਤੀ ਅਤੇ ਉਸ ਦੀ ਸੁਰੱਖਿਆ ਯੋਜਨਾ ਬਣਾਉਣ ਵਿੱਚ ਮਦਦ ਕੀਤੀ।

ਸੁਰੱਖਿਆ ਯੋਜਨਾ ਇੱਕ ਐਸੀ ਯੋਜਨਾ ਹੁੰਦੀ ਹੈ ਜੋ ਤੁਹਾਨੂੰ ਰਿਸ਼ਤੇ ਵਿੱਚ ਰਹਿੰਦੇ ਜਾਂ ਰਿਸ਼ਤਾ ਛੱਡਦੇ ਸਮੇਂ ਸੁਰੱਖਿਅਤ ਰੱਖਣ ਲਈ ਬਣਾਈ ਜਾਂਦੀ ਹੈ। ਘਰੇਲੂ ਹਿੰਸਾ ਸੇਵਾ ਨੇ ਲਿੰਡਾ ਨੂੰ ਕਾਨੂੰਨੀ ਸਲਾਹ ਲਈ ਟੀਵੀਪੀ TVP ਕੋਲ ਭੇਜਿਆ।

ਸਟੀਵ ਨੇ ਪਾਲਣ-ਪੋਸ਼ਣ ਦੇ ਆਦੇਸ਼ਾਂ ਲਈ ਅਦਾਲਤ ਵਿੱਚ ਦਸਤਾਵੇਜ਼ ਪੇਸ਼ ਕੀਤੇ। ਅਦਾਲਤ ਤੁਹਾਡੇ ਬੱਚੇ ਦੀ ਦੇਖਭਾਲ ਲਈ ਪਾਲਣ-ਪੋਸ਼ਣ ਦੇ ਪ੍ਰਬੰਧਾਂ ਦੀ ਚੋਣ ਕਰਨ ਲਈ ਪਾਲਣ-ਪੋਸ਼ਣ ਦੇ ਆਦੇਸ਼ ਦਿੰਦੀ ਹੈ।

**ਅਦਾਲਤ ਤੁਹਾਡੇ ਬੱਚਿਆਂ ਲਈ ਪਾਲਣ-ਪੋਸ਼ਣ ਦਾ ਆਦੇਸ਼ ਜਾਰੀ ਕਰਦੇ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੀ ਹੈ ਬਾਰੇ ਸਾਡੇ ਤੱਥ ਪੱਤਰ** ਵਿੱਚ ਤੁਸੀਂ ਹੋਰ ਜਾਣਕਾਰੀ ਲੱਭ ਸਕਦੇ ਹੋ।

## ਅਸੀਂ ਟੀ ਵੀ ਪੀ ਰਾਹੀਂ ਲਿੰਡਾ ਦੀ ਕਿਵੇਂ ਸਹਾਇਤਾ ਕੀਤੀ

ਅਸੀਂ ਹੇਠ ਲਿਖੇ ਕਦਮਾਂ ਰਾਹੀਂ ਲਿੰਡਾ ਦੀ ਸਹਾਇਤਾ ਕੀਤੀ:

1. ਅਸੀ ਗਰ੍ਹਿ ਮਾਮਲਿਆਂ ਦੇ ਵਿਭਾਗ (DHA) ਨੂੰ ਦੱਸਿਆ ਕਿ ਲਿੰਡਾ ਦਾ ਰਿਸ਼ਤਾ ਖਤਮ ਹੋ ਗਿਆ ਹੈ।
2. ਅਸੀ ਡੀ ਐਚ ਏ (DHA) ਨੂੰ ਸਬੂਤ ਦਿੱਤਾ ਕਿ ਲਿੰਡਾ ਅਤੇ ਸਟੀਵ ਦਾ ਇੱਕ ਸੱਚਾ ਰਿਸ਼ਤਾ ਸੀ ਅਤੇ ਇੱਕ ਬੱਚਾ ਵੀ ਸੀ।
3. ਅਸੀ ਡੀ ਵੀ ਓ (DVO) ਲਈ ਅਰਜੀ਼ ਦੇਣ ਲਈ ਲਿੰਡਾ ਦਾ ਸਮਰਥਨ ਕੀਤਾ। ਅਸੀ ਲਿੰਡਾ ਦੀ ਇਹ ਸਹਾਇਤਾ ਵੀ ਕੀਤੀ ਕਿ ਉਹ DHA ਨੂੰ ਇਹ ਸਬੂਤ ਦੇ ਸਕੇ ਕਿ ਉਸ ਨੇ ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਸਾਹਮਣਾ ਕੀਤਾ ਹੈ। ਇਸ ਨਾਲ DHA ਨੂੰ ਇਹ ਸਮਝਣ ਵਿੱਚ ਮਦਦ ਮਿਲੀ ਕਿ ਲਿੰਡਾ ਨੂੰ ਜਲਦੀ ਤੋਂ ਜਲਦੀ ਸਥਾਈ ਰਿਹਾਇਸ਼ ਦੇਣੀ ਲਾਜ਼ਮੀ ਹੈ।
4. ਅਸੀ ਅਦਾਲਤ ਤੋਂ ਪਾਲਣ-ਪੋਸ਼ਣ ਦਾ ਆਦੇਸ਼ ਪਰ੍ਾਪਤ ਕਰਨ ਲਈ ਲਿੰਡਾ ਦਾ ਸਮਰਥਨ ਕੀਤਾ।

# ਤੁਹਾਡੇ ਲਈ ਸਹਾਇਤਾ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਤੁਰੰਤ ਖ਼ਤਰੇ ਵਿੱਚ ਹੈ, ਤਾਂ 000 'ਤੇ ਕਾਲ ਕਰੋ।

ਤੁਸੀਂ ਟੀ ਵੀ ਪੀ ਟੀਮ ਨਾਲ ਸਹਾਇਤਾ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ। 1800 957 957 'ਤੇ ਕਾਲ ਕਰੋ।

**ਸਮਾਜਿਕ ਸਹਾਇਤਾ**

**ਡੀ ਵੀ ਕਨੈਕਟ**

ਤੁਸੀਂ ਸਹਾਇਤਾ ਲਈ DV ਕਨੈਕਟ ਨਾਲ ਸੰਪਰਕ ਕਰ ਸਕਦੇ ਹੋ। 1800 811 811 'ਤੇ ਕਾਲ ਕਰੋ।

**ਰੈੱਡ ਕਰਾਸ**

ਤੁਸੀਂ ਸਹਾਇਤਾ ਲਈ ਰੈੱਡ ਕਰਾਸ ਨਾਲ ਸੰਪਰਕ ਕਰ ਸਕਦੇ ਹੋ। 1800 733 276 'ਤੇ ਕਾਲ ਕਰੋ।

**ਪ੍ਰਵਾਸੀ ਔਰਤਾਂ ਦੀ ਸਹਾਇਤਾ ਸੇਵਾਵਾਂ**

ਤੁਸੀਂ ਸਹਾਇਤਾ ਲਈ ਪ੍ਰਵਾਸੀ ਔਰਤਾਂ ਦੀ ਸਹਾਇਤਾ ਸੇਵਾਵਾਂ ਨਾਲ ਸੰਪਰਕ ਕਰ ਸਕਦੇ ਹੋ।

(07) 3846 3490 'ਤੇ ਕਾਲ ਕਰੋ।

**ਕਾਨੂੰਨੀ ਸਹਾਇਤਾ**

**ਸ਼ਰਨਾਰਥੀ ਅਤੇ ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ (RAILS)**

ਤੁਸੀਂ ਸਹਾਇਤਾ ਲਈ RAILS ਨਾਲ ਸੰਪਰਕ ਕਰ ਸਕਦੇ ਹੋ। (07) 3846 9300 'ਤੇ ਕਾਲ ਕਰੋ।

**ਕਮਿਊਨਿਟੀ ਲੀਗਲ ਸੈਂਟਰ ਕਵੀਂਸਲੈਂਡ**

ਤੁਸੀਂ ਸਥਾਨਕ ਸਮਾਜਿਕ ਕਾਨੂੰਨੀ ਕੇਂਦਰ ਲੱਭਣ ਲਈ ਕਮਿਊਨਿਟੀ ਲੀਗਲ ਸੈਂਟਰਜ਼ ਕਵੀਨਜ਼ਲੈਂਡ ਨਾਲ ਸੰਪਰਕ ਕਰ ਸਕਦੇ ਹੋ। (07) 3392 0092 'ਤੇ ਕਾਲ ਕਰੋ।

**ਲੀਗਲ ਏਡ ਕਵੀਂਸਲੈਂਡ**

ਤੁਸੀਂ ਸਹਾਇਤਾ ਲਈ ਲੀਗਲ ਏਡ ਕਵੀਂਸਲੈਂਡ ਨਾਲ ਸੰਪਰਕ ਕਰ ਸਕਦੇ ਹੋ। 1300 65 11 88 'ਤੇ ਕਾਲ ਕਰੋ।

ਇਸ ਤੱਥ ਸ਼ੀਟ ਵਿੱਚ ਸਿਰਫ਼ ਆਮ ਜਾਣਕਾਰੀ ਸ਼ਾਮਲ ਹੈ ਅਤੇ ਇਹ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ।